## ਪਹੁੰਚਯੋਗਤਾ / ਸਹਾਇਤਾ ਪੇਜ

Governor's Interagency Council on Health Disparities (ਸਿਹਤ ਅਸਮਾਨਤਾਵਾਂ ਨਾਲ ਸੰਬੰਧਿਤ ਗਵਰਨਰ ਦੀ ਅੰਤਰ-ਏਜੰਸੀ ਕੌਂਸਲ) (ਕੌਂਸਲ) ਇਹ ਯਕੀਨੀ ਬਣਾਉਣ ਲਈ ਵਚਨਬੱਧ ਹੈ ਕਿ ਹਰ ਵਿਅਕਤੀ ਸਾਡੇ ਦੁਆਰਾ ਸਾਂਝੀ ਕੀਤੀ ਜਾਣ ਵਾਲੀ ਜਾਣਕਾਰੀ ਨੂੰ ਐਕਸੈੱਸ ਕਰ ਸਕੇ।

**ਘੱਟ ਅੰਗਰੇਜ਼ੀ ਸਮਝਣ ਵਾਲੇ ਲੋਕਾਂ ਨੂੰ ਗਤੀਵਿਧੀਆਂ ਤੱਕ ਅਰਥਪੂਰਨ ਐਕਸੈੱਸ ਪ੍ਰਦਾਨ ਕਰਨ ਲਈ ਕੌਂਸਲ ਮੁਫ਼ਤ ਭਾਸ਼ਾ ਸੇਵਾਵਾਂ ਪ੍ਰਦਾਨ ਕਰਦੀ ਹੈ, ਜਿਵੇਂ ਕਿ ਯੋਗਤਾ ਪ੍ਰਾਪਤ ਭਾਸ਼ਾ ਦੇ ਦੁਭਾਸ਼ੀਏ ਅਤੇ ਲਿਖਤੀ ਅਨੁਵਾਦ।**

**ਕੌਂਸਲ ਅਪਾਹਜ ਵਿਅਕਤੀਆਂ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਸੰਚਾਰ ਕਰਨ ਲਈ ਮੁਫ਼ਤ ਸਹਾਇਤਾ ਅਤੇ ਸੇਵਾਵਾਂ ਵੀ ਪ੍ਰਦਾਨ ਕਰਦੀ ਹੈ, ਜਿਵੇਂ ਕਿ ਯੋਗਤਾ ਪ੍ਰਾਪਤ ਸੈਨਤ ਭਾਸ਼ਾ ਦੇ ਦੁਭਾਸ਼ੀਏ, ਕਲੋਸਡ ਕੈਪਸ਼ਨਿੰਗ, ਅਤੇ ਹੋਰ ਫਾਰਮੈਟਾਂ ਵਿੱਚ ਲਿਖਤੀ ਜਾਣਕਾਰੀ (ਜਿਵੇਂ ਕਿ ਵੱਡੇ ਪ੍ਰਿੰਟ, ਆਡੀਓ, ਆਸਾਨ ਇਲੈਕਟ੍ਰਾਨਿਕ ਫਾਰਮੈਟ, ਆਦਿ)।**

ਜੇਕਰ ਤੁਹਾਨੂੰ ਇਸ ਵੈੱਬਸਾਈਟ 'ਤੇ ਮੌਜੂਦ ਸਮੱਗਰੀ ਕਿਸੇ ਹੋਰ ਫਾਰਮੈਟ ਜਾਂ ਭਾਸ਼ਾ ਵਿੱਚ ਚਾਹੀਦੀ ਹੈ, ਤਾਂ ਕਿਰਪਾ ਕਰਕੇ healthequity@sboh.wa.gov 'ਤੇ ਈਮੇਲ ਕਰੋ। **ਸਾਨੂੰ** ਚੰਗੀ ਤਰ੍ਹਾਂ ਤੁਹਾਡੀ ਸਹਾਇਤਾ ਕਰਨ ਦੇ ਯੋਗ ਬਣਾਉਣ ਲਈ, ਕਿਰਪਾ ਕਰਕੇ ਨਿਮਨਲਿਖਤ ਜਾਣਕਾਰੀ ਜ਼ਰੂਰ ਪ੍ਰਦਾਨ ਕਰੋ:

- ਤੁਹਾਡੀ ਜ਼ਰੂਰਤ ਦੀ ਕਿਸਮ
- ਤੁਹਾਡਾ ਤਰਜੀਹੀ ਫਾਰਮੈਟ (ਇਲੈਕਟ੍ਰਾਨਿਕ ਫਾਰਮੈਟ, ਵੱਡਾ ਪ੍ਰਿੰਟ, ਆਦਿ) ਜਾਂ ਭਾਸ਼ਾ
- ਬੇਨਤੀ ਕੀਤੀ ਸਮੱਗਰੀ ਦਾ ਵੈੱਬ ਐਡਰੈੱਸ (ਜੇ ਤੁਹਾਨੂੰ ਪਤਾ ਹੈ)
- ਤੁਹਾਡੀ ਸੰਪਰਕ ਜਾਣਕਾਰੀ, ਤਾਂ ਜੋ ਹੋਰ ਜਾਣਕਾਰੀ ਦੀ ਲੋੜ ਪੈਣ 'ਤੇ ਅਸੀਂ ਤੁਹਾਡੇ ਨਾਲ ਸੰਪਰਕ ਕਰ ਸਕੀਏ।

**Governor's Interagency Council on Health Disparities ਗੈਰ-ਵਿਤਕਰੇ ਲਈ ਬਣੇ ਫੈਡਰਲ ਅਤੇ ਰਾਜ ਦੇ ਨਾਗਰਿਕ ਅਧਿਕਾਰ ਕਾਨੂੰਨਾਂ ਦੀ ਪਾਲਣਾ ਕਰਦੀ ਹੈ। ਅਸੀਂ ਨਸਲ, ਰੰਗ, ਸੰਪਰਦਾਇ, ਰਾਸ਼ਟਰੀ ਮੂਲ, ਨਾਗਰਿਕਤਾ ਜਾਂ ਇਮੀਗ੍ਰੇਸ਼ਨ ਸਥਿਤੀ, ਉਮਰ, ਅਪਾਹਜਤਾ, ਲਿੰਗ, ਲਿੰਗ ਪ੍ਰਗਟਾਵੇ ਅਤੇ ਪਛਾਣ, ਜਿਨਸੀ ਝੁਕਾਅ, ਵਿਆਹੁਤਾ ਸਥਿਤੀ, ਪਰਿਵਾਰਕ ਸਥਿਤੀ, ਧਰਮ, ਸਨਮਾਨਤ ਤੌਰ 'ਤੇ ਸੇਵਾਮੁਕਤ ਸਾਬਕਾ ਫ਼ੌਜੀ ਜਾਂ ਫੌਜੀ ਸਟੇਟਸ, ਜਾਂ ਕਿਸੇ ਅਪਾਹਜ ਵਿਅਕਤੀ ਦੁਆਰਾ ਸਿਖਲਾਈ ਪ੍ਰਾਪਤ ਗਾਈਡ ਡੌਗ ਜਾਂ ਸਰਵਿਸ ਐਨੀਮਲ ਦੀ ਵਰਤੋਂ, ਦੇ ਅਧਾਰ 'ਤੇ ਲੋਕਾਂ ਨਾਲ ਵਿਤਕਰਾ ਜਾਂ ਉਹਨਾਂ ਨੂੰ ਬਾਹਰ ਨਹੀਂ ਰੱਖਦੇ ਹਾਂ।**

* ਵਧੇਰੇ ਜਾਣਕਾਰੀ ਸਾਡੇ ਗੈਰ-ਵਿਤਕਰੇ ਦੇ ਨੋਟਿਸ ਵਾਲੇ ਵੈੱਬਪੇਜ 'ਤੇ ਉਪਲਬਧ ਹੈ।

ਜੇਕਰ ਤੁਹਾਨੂੰ ਹੋਰ ਜਾਣਕਾਰੀ ਚਾਹੀਦੀ ਜਾਂ Americans with Disabilities Act (ADA, ਅਮਰੀਕੀ ਅਪੰਗਤਾ ਐਕਟ) ਬਾਰੇ ਕੋਈ ਸਵਾਲ ਪੁੱਛਣਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ADA.gov (ਅੰਗਰੇਜ਼ੀ ਵਿੱਚ) 'ਤੇ ਜਾਓ ਜਾਂ U.S. Department of Justice (ਅਮਰੀਕੀ ਨਿਆਂ ਵਿਭਾਗ) ਸੂਚਨਾ ਲਾਈਨ (ਅੰਗਰੇਜ਼ੀ ਵਿੱਚ; ਲਾਈਨ ਵਿੱਚ ਸਪੈਨਿਸ਼ ਵਿੱਚ ਜਾਣਕਾਰੀ ਹੈ) ਨਾਲ ਸੰਪਰਕ ਕਰੋ।

- 800-514-0301 (ਵੌਇਸ)
- 1-833-610-1264 (TTY)

ADA ਸੂਚਨਾ ਲਾਈਨ ਸੋਮਵਾਰ ਤੋਂ ਬੁੱਧਵਾਰ, ਅਤੇ ਸ਼ੁੱਕਰਵਾਰ ਨੂੰ ਸਵੇਰੇ 9:30 ਵਜੇ ਤੋਂ ਦੁਪਹਿਰ 12:00 ਵਜੇ ਤੱਕ ਅਤੇ ਦੁਪਹਿਰ 3:00 ਵਜੇ ਤੋਂ ਸ਼ਾਮ 5:30 ਵਜੇ ਤੱਕ, ਅਤੇ ਵੀਰਵਾਰ ਨੂੰ ਦੁਪਹਿਰ 2:30 ਵਜੇ - ਸ਼ਾਮ 5:30 ਵਜੇ ਤੱਕ (ਈਸਟਰਨ ਟਾਈਮ ਵਿੱਚ) ਉਪਲਬਧ ਹੁੰਦੀ ਹੈ।